GOVERNMENT OF WESTERN AUSTRALIA

Working with Children Check

# Factsheet CAT06
# ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ 6: ਪਲੇਸਮੈਂਟ ਪ੍ਰਬੰਧ ਜਾਂ ਸੁਰੱਖਿਅਤ ਦੇਖਭਾਲ ਦਾ ਪ੍ਰਬੰਧ

Punjabi | ਪੰਜਾਬੀ

*ਚਿਲਡਰਨ ਐਂਡ ਕਮਿਊਨਿਟੀ ਸਰਵਿਸਿਜ਼ ਐਕਟ 2004* ਦੇ ਤਹਿਤ ਪਲੇਸਮੈਂਟ ਪ੍ਰਬੰਧ ਜਾਂ ਸੁਰੱਖਿਅਤ ਦੇਖਭਾਲ ਦਾ ਪ੍ਰਬੰਧ ਉਹ ਪ੍ਰਬੰਧ ਹੈ ਜਿੱਥੇ ਕੋਈ **ਬੱਚਾ (child)** ਰਸਮੀ ਤੌਰ 'ਤੇ ਕਮਿਊਨਿਟੀਜ਼ ਵਿਭਾਗ ਦੇ ਮੁੱਖ ਕਾਰਜਕਾਰੀ ਅਧਿਕਾਰੀ ਦੀ ਦੇਖ-ਰੇਖ ਹੇਠ ਹੁੰਦਾ ਹੈ। **ਮਾਪੇ (Parents)** ਜਿਨ੍ਹਾਂ ਦੇ ਬੱਚੇ ਮੁੱਖ ਕਾਰਜਕਾਰੀ ਅਧਿਕਾਰੀ ਦੀ ਦੇਖ-ਰੇਖ ਹੇਠ ਹਨ, ਉਹਨਾਂ ਨੂੰ ਆਪਣੇ ਬੱਚਿਆਂ ਦੀ ਦੇਖਭਾਲ ਕਰਦੇ ਸਮੇਂ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਐਕਟ 2004* ਦੇ ਉਦੇਸ਼ਾਂ ਲਈ ਬੱਚਿਆਂ ਨਾਲ ਸੰਬੰਧਿਤ ਕੰਮ ਕਰਨਾ ਨਹੀਂ ਮੰਨਿਆ ਜਾਂਦਾ ਹੈ, ਜਿਵੇਂ ਕਿ ਮੁਲਾਕਾਤਾਂ ਦੌਰਾਨ।

## ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਂਦੀਆਂ ਨੌਕਰੀ-ਭੂਮਿਕਾਵਾਂ

ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਣ ਵਾਲੀਆਂ ਨੌਕਰੀ-ਭੂਮਿਕਾਵਾਂ ਦੀਆਂ ਕੁੱਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਸਾਰੇ ਮਾਮਲਿਆਂ ਵਿੱਚ, ਕਿਸੇ ਨੌਕਰੀ-ਭੂਮਿਕਾ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੇ ਜਾਣ ਲਈ ਉਸ ਭੂਮਿਕਾ ਦੀਆਂ **ਆਮ ਡਿਊਟੀਆਂ (usual duties)** ਵਿੱਚ ਬੱਚੇ ਨਾਲ **ਸੰਪਰਕ (contact)** ਕਰਨਾ ਲਾਜ਼ਮੀ ਹੋਣਾ, ਜਾਂ ਸੰਪਰਕ ਹੋਣ ਦੀ ਸੰਭਾਵਨਾ ਸ਼ਾਮਲ ਹੋਣੀ ਚਾਹੀਦੀ ਹੈ। ਨੌਕਰੀ-ਭੂਮਿਕਾਵਾਂ ਵਿੱਚ ਸ਼ਾਮਲ ਹਨ:

- ਫੋਸਟਰ ਕੇਅਰਰ (ਪਾਲਣ-ਪੋਸ਼ਣ ਕਰਨ ਵਾਲੇ), **ਰਿਸ਼ਤੇਦਾਰ (relative)** ਦੇਖਭਾਲਕਰਤਾ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਦੀ ਦੇਖਭਾਲ ਵਿਚਲੇ ਬੱਚਿਆਂ ਦੀ ਹੋਰ ਸਿੱਧੇ ਤੌਰ 'ਤੇ ਦੇਖਭਾਲ ਕਰਨ ਵਾਲੇ, ਜਿਵੇਂ ਕਿ ਹੋਸਟਲ ਸਟਾਫ਼ ਜਾਂ ਗਰੁੱਪ ਹੋਮ ਮਾਪੇ
- ਡਿਪਾਰਟਮੈਂਟ ਆਫ਼ ਕਮਿਊਨਿਟੀਜ਼ ਰਿਹਾਇਸ਼ ਅਤੇ ਸੁਰੱਖਿਅਤ ਦੇਖਭਾਲ ਸੇਵਾਵਾਂ ਦੁਆਰਾ ਨਿਯੁਕਤ ਕੀਤੇ ਗਏ **ਵਾਲੰਟੀਅਰ (volunteers)** ਅਤੇ ਕਰਮਚਾਰੀ
- ਘਰ ਦੇ ਹੋਰ ਬਾਲਗ਼ ਮੈਂਬਰ ਜਿਨ੍ਹਾਂ ਦੀ ਦੇਖਭਾਲ ਵਿਚਲੇ ਬੱਚੇ ਨਾਲ ਕੋਈ ਭੂਮਿਕਾ ਹੈ

- ਮਾਲੀ, ਸਫ਼ਾਈ ਸੇਵਕ, ਅਤੇ ਰਸੋਈਏ ਜੋ ਰਿਹਾਇਸ਼ੀ ਦੇਖਭਾਲ ਕੇਂਦਰ ਵਿੱਚ ਕੰਮ ਕਰਦੇ ਹਨ, ਅਤੇ (18 ਸਾਲ ਤੋਂ ਵੱਧ ਉਮਰ ਦੇ) ਪਲੇਸਮੈਂਟ ਕਰ ਰਹੇ ਵਿਦਿਆਰਥੀ, ਜੋ ਉਦੋਂ ਆਪਣਾ ਕੰਮ ਕਰਦੇ ਹਨ ਜਦੋਂ ਬੱਚਿਆਂ ਦੇ ਮੌਜੂਦ ਹੋਣ ਦੀ ਸੰਭਾਵਨਾ ਹੈ ਅਤੇ ਉਹਨਾਂ ਦੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ ਬੱਚੇ ਨਾਲ ਸੰਪਰਕ ਕਰਦੇ ਹਨ।

**ਛੋਟਾਂ**

ਇਸ ਸ਼੍ਰੇਣੀ 'ਤੇ ਹੇਠ ਲਿਖੀਆਂ ਛੋਟਾਂ ਲਾਗੂ ਹੁੰਦੀਆਂ ਹਨ:

- 18 ਸਾਲ ਤੋਂ ਘੱਟ ਉਮਰ ਦੇ ਬਾਲ ਵਲੰਟੀਅਰ
- 18 ਸਾਲ ਤੋਂ ਘੱਟ ਉਮਰ ਦੇ ਵੇਤਨ-ਰਹਿਤ ਪਲੇਸਮੈਂਟ ਕਰ ਰਹੇ **ਵਿਦਿਆਰਥੀ (students)**
- WA ਵਿੱਚ **ਥੋੜ੍ਹੇ ਸਮੇਂ ਲਈ ਆਏ ਸੈਲਾਨੀ (short-term visitors)**

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।